Washington Apple Health

# Apple Health Expansion

## ਅਕਸਰ ਪੁੱਛੇ ਜਾਣ ਵਾਲੇ ਸੁਆਲ

ਹੇਠਾਂ ਦਿੱਤੇ ਅਕਸਰ ਪੁੱਛੇ ਜਾਣ ਵਾਲੇ ਸੁਆਲਾਂ (FAQ) ਨਾਲ ਸੰਭਵ Apple Health Expansion ਕਲਾਇੰਟਾਂ ਅਤੇ ਉਹਨਾਂ ਦੀ ਮਦਦ ਕਰਨ ਵਾਲੇ ਲੋਕਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਬਾਰੇ ਹੋਰ ਜਾਣਨ ਲਈ **Apple Health Expansion** ਵੇਬ ਪੇਜ ਵੇਖੋ।

## ਇਹ Apple Health Expansion ਕੀ ਹੈ

ਇਮੀਗ੍ਰੇਸ਼ਨ ਦੇ ਦਰਜੇ ਨੂੰ ਧਿਆਨ ਵਿੱਚ ਰੱਖੇ ਬਿਨਾ, ਸਿਹਤ-ਸੰਭਾਲ ਅਥਾੱਰਿਟੀ (HCA) ਨੇ ਬਾਲਗ਼ਾਂ ਲਈ ਯੋਗਤਾ ਦਾ ਪਸਾਰ Apple Health ਕੀਤਾ ਹੈ। ਇਸ ਨਵੇਂ ਪ੍ਰੋਗਰਾਮ ਨੂੰ Apple Health Expansion ਕਿਹਾ ਜਾਂਦਾ ਹੈ ਅਤੇ ਇਹ 1 ਜੁਲਾਈ, 2024 ਨੂੰ ਸ਼ੁਰੂ ਹੋਇਆ ਹੈ। ਇਹ Apple Health Expansion 19 ਸਾਲ ਅਤੇ ਵੱਧ ਉਮਰ ਦੇ ਲੋਕਾਂ, ਜੋ ਹੋਰਨਾਂ Apple Health ਪ੍ਰੋਗਰਾਮਾਂ ਲਈ ਯੋਗ ਨਹੀਂ ਹੁੰਦੇ, ਨੂੰ ਕਵਰੇਜ ਮੁਹੱਈਆ ਕਰਾਏਗਾ। ਇਸ ਨਵੇਂ ਪ੍ਰੋਗਰਾਮ ਨੂੰ ਵਿਧਾਨ-ਸਭਾ ਵਲੋਂ ਦਿੱਤੀ ਗਈ ਸੇਧ ਦੀ ਹੱਦ ਤੱਕ ਪ੍ਰਬੰਧ ਕੀਤੀ ਗਈ ਸੰਭਾਲ ਵਿੱਚ ਰਜਿਸਟਰਡ Apple Health (Medicaid) ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਅਨੁਸਾਰ ਤਿਆਰ ਕੀਤਾ ਗਿਆ ਹੈ।

## ਰਜਿਸਟ੍ਰੇਸ਼ਨ ਅਤੇ ਯੋਗਤਾ

### ਕੌਣ ਹੱਕਦਾਰ ਹੈ?

ਤੁਸੀਂ ਇਸ ਪ੍ਰੋਗਰਾਮ ਲਈ ਹੱਕਦਾਰ ਹੋ ਸਕਦੇ ਹੋ, ਜੇ ਤੁਸੀਂ:

- 19 ਸਾਲ ਜਾਂ ਵੱਧ ਉਮਰ ਦੇ ਵਾੱਸ਼ਿੰਗਟਨ ਦੇ ਵਸਨੀਕ ਹੋ,
- ਹਿਸਾਬ ਲਾਉਣ ਵਾਲੀ ਆਮਦਨ ਫ਼ੈਡਰਲ ਗ਼ਰੀਬੀ ਪੱਧਰ 138% ਤੱਕ ਹੈ,
- ਇਮੀਗ੍ਰੇਸ਼ਨ ਦੇ ਦਰਜੇ ਦੇ ਅਧਾਰ 'ਤੇ ਹੋਰਨਾਂ Apple Health ਪ੍ਰੋਗਰਾਮਾਂ ਲਈ ਯੋਗ ਨਹੀਂ ਹੁੰਦੇ,
    - ਜੇ ਤੁਸੀਂ ਇੱਕ ਅਜਿਹੇ ਪ੍ਰਵਾਸੀ ਹੋ, ਜੋ Apple Health ਲਈ ਹੱਕਦਾਰ ਹੋਣ ਵਾਸਤੇ ਪੰਜ-ਸਾਲ ਦੀ ਉਡੀਕ ਦੀ ਮਿਆਦ ਪੂਰੀ ਨਹੀਂ ਕਰਦੇ, ਤਾਂ ਤੁਸੀਂ Apple Health Expansion ਲਈ ਹੱਕਦਾਰ ਨਹੀਂ ਹੋਵੋਗੇ। ਇੰਜ ਇਸ ਕਰਕੇ ਹੁੰਦਾ ਹੈ, ਕਿਉਂਕਿ ਇਮੀਗ੍ਰੇਸ਼ਨ ਦਾ ਤੁਹਾਡਾ ਇਹੀ ਦਰਜਾ ਤੁਹਾਨੂੰ *Washington Healthplanfinder* ਰਾਹੀਂ ਟੈਕਸ-ਕ੍ਰੈਡਿਟ ਲਈ ਹੱਕਦਾਰ ਬਣਾਉਂਦਾ ਹੈ। ਬਿਨਾ ਦਸਤਾਵੇਜ਼ ਵਾਲੇ ਵਿਅਕਤੀ ਵੀ ਕਵਰੇਜ ਲਈ ਯੋਗ ਹਨ।
- ਗਰਭਵਤੀ ਨਹੀਂ ਹਨ ਜਾਂ ਪਿਛਲੇ 12 ਮਹੀਨਿਆਂ ਵਿੱਚ ਗਰਭ-ਅਵਸਥਾ ਖ਼ਤਮ ਨਹੀਂ ਹੋਈ ਅਤੇ
- ਅਗਾਊਂ ਪ੍ਰੀਮੀਅਮ ਟੈਕਸ ਕ੍ਰੈਡਿਟਾਂ (APTC) ਜਾਂ ਫ਼ੈਡਰਲ ਵਲੋਂ ਮਿਲਣ ਵਾਲੀਆਂ ਰਕਮਾਂ ਵਾਲੇ ਮੈਡੀਕਲ ਸਹਾਇਤਾ ਪ੍ਰੋਗਰਾਮਾਂ ਵਾਲੇ ਯੋਗ ਸਿਹਤ-ਪਲਾਨਾਂ ਲਈ ਹੱਕਦਾਰ ਨਹੀਂ ਹਨ।

Apple Health 'ਤੇ ਹੋਰਨਾਂ **hca.wa.gov/apple-health-eligibility** ਪ੍ਰੋਗਰਾਮਾਂ ਲਈ ਯੋਗਤਾ ਯੋਗਤਾ ਬਾਰੇ ਹੋਰ ਜਾਣੋ।

### ਜੇ ਮੈਂ ਇਸ ਸਮੇਂ ਅਜਿਹੀ ਕਵਰੇਜ ਲਈ ਅਪਲਾਈ ਕਰਦਾ/ਕਰਦੀ ਹਾਂ, ਜਿਸਦੀ ਰਜਿਸਟ੍ਰੇਸ਼ਨ ਦੀ ਸੀਮਾ ਪੂਰੀ ਹੋ ਚੁੱਕੀ ਹੈ, ਤਾਂ ਕੀ ਹੁੰਦਾ ਹੈ?

ਜੇ ਤੁਸੀਂ ਕਵਰੇਜ ਲਈ ਅਪਲਾਈ ਕੀਤਾ ਸੀ ਅਤੇ ਸੀਮਾ ਪੂਰੀ ਹੋਣ ਕਰਕੇ ਉਸ ਅਰਜ਼ੀ ਨੂੰ ਖ਼ਾਰਜ ਕਰ ਦਿੱਤਾ ਗਿਆ ਸੀ, ਤਾਂ ਤੁਹਾਨੂੰ ਕੋਈ ਹੋਰ ਕਾਰਵਾਈ ਕਰਨ ਦੀ ਲੋੜ ਨਹੀਂ ਹੈ। ਅਜੇ ਵੀ ਇਸ ਗੱਲ ਦੀ ਸੰਭਾਵਨਾ ਹੈ ਕਿ ਜੇ ਪ੍ਰੋਗਰਾਮ ਵਿੱਚ ਕੋਈ ਥਾਂ ਖ਼ਾਲੀ ਹੋਈ, ਤਾਂ ਤੁਹਾਨੂੰ ਉੱਘੜ-ਦੁਘੜੇ ਤਰੀਕੇ ਨਾਲ ਰਜਿਸਟ੍ਰੇਸ਼ਨ ਲਈ ਚੁਣਿਆ ਜਾ ਸਕਦਾ ਹੈ। ਜੇ ਤੁਸੀਂ ਤਰਜੀਹੀ ਗੱਲਬਾਤ ਦੇ ਆਪਣੇ ਤਰੀਕੇ ਰਾਹੀਂ (ਈਮੇਲ ਜਾਂ ਡਾਕ) ਰਜਿਸਟ੍ਰੇਸ਼ਨ ਲਈ ਚੁਣੇ ਜਾਂਦੇ ਹੋ, ਤਾਂ ਤੁਹਾਨੂੰ ਇੱਕ ਯੋਗਤਾ-ਨੋਟਿਸ ਮਿਲੇਗਾ।

ਜੇ ਤੁਸੀਂ ਅਪਲਾਈ ਨਹੀਂ ਕੀਤਾ, ਤਾਂ Apple Health Expansion ਲਈ ਆਪਣੀ ਅਰਜ਼ੀ ਭਰੋ, ਤਾਂਜੋ ਥਾਂ ਖ਼ਾਲੀ ਹੋਣ ਬਾਰੇ ਵਿਚਾਰਿਆ ਜਾ ਸਕੇ ਅਤੇ ਕਵਰੇਜ ਦੇ ਹੋਰਨਾਂ ਵਿਕਲਪਾਂ ਬਾਰੇ ਜਾਣਕਾਰੀ ਹਾਸਿਲ ਕੀਤੀ ਜਾ ਸਕੇ।

8/13/2024 ਨੂੰ ਅਪਡੇਟ ਕੀਤੀ ਗਈ

## ਮੈਂ **Apple Health Expansion** ਲਈ ਕਿਵੇਂ ਅਪਲਾਈ ਕਰਾਂ?

200 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਮਦਦ ਨਾਲ ਅਪਲਾਈ ਕਰਨ ਵਾਸਤੇ ਅਤੇ ਕਵਰੇਜ ਨਵਿਆਉਣ ਲਈ ਤੁਹਾਡੇ ਕੋਲ ਕਈ ਵਿਕਲਪ ਹੁੰਦੇ ਹਨ।

ਜੇ ਤੁਸੀਂ **19** ਤੋਂ **64** ਸਾਲ ਦੀ ਉਮਰ ਦੇ ਹੋ:

- ਔਨਲਾਈਨ: *Washington Healthplanfinder*'ਤੇ ਜਾਓ। "ਹੁਣ ਅਪਲਾਈ ਕਰੋ" ਬਟਨ ਚੁਣੋ।
- ਮੋਬਾਈਲ ਐਪ**:** ਡਾਊਨਲੋਡ ਕਰੋ, WAPlanfinder ਐਪ। “ਸਾਈਨ ਇਨ” ਜਾਂ “ਅਕਾਊਂਟ ਬਣਾਓ” ਚੁਣੋ।
- ਫੋਨ: *Washington Healthplanfinder* ਗਾਹਕ ਸਹਾਇਤਾ ਸੈਂਟਰ ਨੂੰ 1-855-923-4633'ਤੇ ਕਾੱਲ ਕਰੋ।
- ਦਸਤਾਵੇਜ਼: ਸਿਹਤ ਸੰਭਾਲ ਕਵਰੇਜ ਲਈ ਅਰਜ਼ੀ (18-001P) ਸਬਮਿਟ ਕਰੋ।
- ਨਿਜੀ ਤੌਰ 'ਤੇ: ਸਥਾਨਕ ਸ੍ਰੋਤ, ਜੋ ਬਿਨਾ ਕਿਸੇ ਵਾਧੂ ਲਾਗਤ ਦੇ ਸਿਹਤ ਕਵਰੇਜ ਲਈ ਅਪਲਾਈ ਕਰਨ ਵਾਸਤੇ ਤੁਹਾਡੀ ਮਦਦ ਕਰ ਸਕਦੇ ਹਨ।
    - ਸਥਾਨਕ ਰਜਿਸਟ੍ਰੇਸ਼ਨ ਸਹਾਇਤਾ

ਤੁਸੀਂ *Washington Healthplanfinder* ਵਿੱਚ ਆਪਣੀ ਪਛਾਣ ਦੀ ਪੁਸ਼ਟੀ ਕਰਨ ਲਈ ਦਸਤਾਵੇਜ਼ ਮੁਹੱਈਆ ਕਰਾ ਸਕਦੇ ਹੋ। ਕੁਝ ਪ੍ਰਵਾਣਯੋਗ ਦਸਤਾਵੇਜ਼ਾਂ ਦੀ ਸੂਚੀ ਵੇਖੋ, ਆਪਣੀ ਪਛਾਣ ਦੀ ਪੁਸ਼ਟੀ ਕਰਨ ਲਈ ਤੁਸੀਂ ਉਹਨਾਂ ਦੀ ਵਰਤੋਂ ਕਰ ਸਕਦੇ ਹੋ। ਤੁਹਾਡੇ ਵਲੋਂ *Washington Healthplanfinder* ਵਿੱਚ ਦਸਤਾਵੇਜ਼ ਅਪਲੋਡ ਕੀਤੇ ਬਿਨਾ, ਨੈਵੀਗੇਟਰ ਤੁਹਾਡੀ ਪਛਾਣ ਦੀ ਪੁਸ਼ਟੀ ਕਰ ਸਕਦੇ ਹਨ।

ਜੇ ਤੁਸੀਂ **65** ਜਾਂ ਵੱਧ ਉਮਰ ਦੇ ਹੋ:

- ਔਨਲਾਈਨ: *Washington Connection*'ਤੇ ਜਾਓ। "ਹੁਣੇ ਅਪਲਾਈ ਕਰੋ" ਚੁਣੋ।
- ਦਸਤਾਵੇਜ਼: ਬਜ਼ੁਰਗ, ਨੇਤਰਹੀਣ, ਅਸਮਰੱਥ (ਅਪੰਗ)/ਲੰਮੀ-ਮਿਆਦ ਦੀ ਸੰਭਾਲ ਕਵਰੇਜ (HCA 18-005) ਲਈ ਅਰਜ਼ੀ ਸਬਮਿਟ ਕਰੋ ।
- ਫੋਨ: ਕਾੱਲ ਕਰਕੇ ਅਰਜ਼ੀ ਲਈ ਬੇਨਤੀ ਕਰਨਾ 1-877-501-2233।
- ਨਿਜੀ ਤੌਰ 'ਤੇ: ਆਪਣੇ ਸਮਾਜਕ ਅਤੇ ਸਿਹਤ ਸੇਵਾਵਾਂ (DSHS) ਬਾਰੇ ਸਥਾਨਕ ਦਫ਼ਤਰ ਵਿੱਚ ਜਾਓ।

ਜੇ ਤੁਹਾਡੀ ਅਰਜ਼ੀ ਪ੍ਰਵਾਣ ਹੋ ਜਾਂਦੀ ਹੈ, ਤਾਂ ਤੁਹਾਨੂੰ ਲਗਭਗ ਦੋ ਹਫ਼ਤਿਆਂ ਵਿੱਚ ProviderOne ਸੇਵਾਵਾਂ ਬਾਰੇ ਕਾਰਡ ਮਿਲੇਗਾ। ਇਹ ਕਵਰੇਜ, ਅਰਜ਼ੀ ਜਮ੍ਹਾ ਕਰਾਉਣ ਵਾਲੇ ਮਹੀਨੇ ਦੀ ਪਹਿਲੀ ਤਾਰੀਖ਼ ਤੋਂ ਲਾਗੂ ਹੋਏਗੀ। ਤੁਹਾਡੇ ਕੋਲ ਔਨਲਾਈਨ ਸਿਹਤ ਪਲਾਨ ਚੁਣਨ ਦਾ ਵਿਕਲਪ ਹੋਏਗਾ ਜਾਂ ਤੁਸੀਂ ਪਲਾਨ ਵਿੱਚ ਆਪਣੇ ਆਪ ਰਜਿਸਟਰਡ ਹੋ ਜਾਓਗੇ

ਜੇ ਤੁਸੀਂ ਆਪਣੀ ਅਰਜ਼ੀ ਸ਼ੁਰੂ ਕਰ ਦਿੱਤੀ ਹੈ ਅਤੇ ਭਰੋਸਾ ਨਹੀਂ ਹੈ ਕਿ ਇਹ ਪੂਰੀ ਹੋਈ ਹੈ ਜਾਂ ਨਹੀਂ, ਤਾਂ ਅਸੀਂ ਤੁਹਾਨੂੰ ਆਪਣੇ ਅਕਾਊਂਟ ਵਿੱਚ ਲਾੱਗ ਇਨ ਕਰਨ ਜਾਂ ਆਪਣੀ ਅਰਜ਼ੀ ਦੀ ਸਥਿਤੀ ਬਾਰੇ ਜਾਣਨ ਲਈ ਉਪਰੋਕਤ ਗਾਹਕ ਸੇਵਾਵਾਂ ਬਾਰੇ ਟੀਮਾਂ ਵਿੱਚੋਂ ਇੱਕ ਨਾਲ ਸੰਪਰਕ ਕਰਨ ਲਈ ਪ੍ਰੇਰਦੇ ਹਾਂ ।

ਟਿੱਪਣੀ: ਸਿਰਫ਼ ਇੱਕ ਅਰਜ਼ੀ ਹੀ ਜਮ੍ਹਾ ਕਰਾਉਣੀ ਪਏਗੀ। ਜੇ ਕੋਈ Apple Health Expansion ਲਈ ਅਪਲਾਈ ਕਰਦਾ/ਕਰਦੀ ਹੈ ਅਤੇ ਰਜਿਸਟ੍ਰੇਸ਼ਨ ਦੀ ਸੀਮਾ ਪੂਰੀ ਹੋਣ ਕਰਕੇ ਅਰਜ਼ੀ ਖ਼ਾਰਜ ਕਰ ਦਿੱਤੀ ਜਾਂਦੀ ਹੈ, ਤਾਂ ਉਸ ਲਈ ਕੋਈ ਹੋਰ ਕਾਰਵਾਈ ਕਰਨ ਦੀ ਲੋੜ ਨਹੀਂ ਹੈ।

## ਕੀ **Apple Health Expansion** ਲਈ ਅਪਲਾਈ ਕਰਨ ਵਾਸਤੇ ਮੈਨੂੰ ਪਛਾਣ-ਪੱਤਰ **(ID)** ਦੀ ਲੋੜ ਪੈਂਦੀ ਹੈ?

ਨਹੀਂ, ਅਪਲਾਈ ਕਰਨ ਲਈ ਤੁਹਾਨੂੰ ਕੋਈ ID ਉਪਲਬਧ ਨਹੀਂ ਕਰਾਉਣੀ ਪੈਂਦੀ। ਹਾਲਾਂਕਿ, ID ਮੁਹੱਈਆ ਕਰਾਉਣ ਨਾਲ ਅਰਜ਼ੀ-ਸਿਸਟਮਾਂ ਵਿੱਚ ਤੁਹਾਡੀ ਪੁਸ਼ਟੀ ਕਰਨਾ ਅਸਾਨ ਹੋ ਜਾਂਦਾ ਹੈ।

## **Apple Health Expansion** ਵਿੱਚ ਕਿੰਨੇ ਲੋਕ ਰਜਿਸਟਰਡ ਹਨ?

HCA Apple Health Expansion ਵਿੱਚ 13,000 ਤੱਕ ਲੋਕਾਂ ਨੂੰ ਰਜਿਸਟਰਡ ਕਰੇਗੀ। ਇਹ ਤਦਾਦ ਬਦਲ ਵੀ ਸਕਦੀ ਹੈ, ਕਿਉਂਕਿ HCA ਯਕੀਨੀ ਬਣਾਉਂਦੀ ਹੈ ਕਿ ਅਸੀਂ ਪ੍ਰੋਗਰਾਮ ਲਈ ਬਜਟ ਹੇਠ ਹੀ ਕੰਮ ਕਰੀਏ।

ਅਸੀਂ ਅਪਲਾਈ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਲੋਕਾਂ ਨੂੰ ਈਮੇਲ ਅਪਡੇਟ ਕਰਨ ਲਈ ਸਾਈਨ ਅਪ ਕਰਨ ਅਤੇ ਰੈਗੂਲਰ ਅਪਡੇਟਸ ਲਈ ਰਜਿਸਟ੍ਰੇਸ਼ਨ ਦੇ ਐਲਾਨ ਵੇਖਣ ਲਈ ਪ੍ਰੇਰਦੇ ਹਾਂ। ਤੁਸੀਂ ਇਸ ਬਾਰੇ ਸੁਆਲ ਭੇਜ ਸਕਦੇ ਹੋ ਕਿ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਇਸਦਾ ਕੀ ਮਤਲਬ ਹੈ ਅਤੇ ਆਉਣ ਵਾਲੇ **Apple Health Expansion** ਇਨਬਾਕਸ ਮਹੀਨਿਆਂ ਵਿੱਚ ਕੀ ਉਮੀਦ ਕੀਤੀ ਜਾ ਸਕਦੀ ਹੈ।

## ਕੀ ਗਰਭਵਤੀ ਲੋਕ **Apple Health Expansion** ਲਈ ਹੱਕਦਾਰ ਹਨ?

ਜੇ ਤੁਸੀਂ Apple Health Expansion ਲਈ ਅਪਲਾਈ ਕਰਦੇ ਹੋ ਅਤੇ ਦੱਸਦੇ ਹੋ ਕਿ ਤੁਸੀਂ ਗਰਭਵਤੀ ਹੋ, ਤਾਂ ਤੁਹਾਡੇ ਕੋਲ ਆਪਣੀ ਮੌਜੂਦਾ ਕਵਰੇਜ ਨੂੰ ਰੱਖਣ ਦਾ ਵਿਕਲਪ ਹੈ, ਨਹੀਂ ਤਾਂ ਤੁਹਾਨੂੰ ਗਰਭਵਤੀ ਲੋਕਾਂ ਲਈ Apple Health ਵਿੱਚ ਸ਼ਾਮਿਲ ਕੀਤਾ ਜਾਏਗਾ। ਇਹ ਪ੍ਰੋਗਰਾਮ ਆਮਦਨ ਦੇ ਮਿਆਰਾਂ Apple Health ਦੇ ਬਰਾਬਰ ਜਾਂ ਹੇਠਾਂ ਵਾਲੇ ਗਰਭਵਤੀ ਲੋਕਾਂ ਨੂੰ ਕਵਰੇਜ ਮੁਹੱਈਆ ਕਰਦਾ ਹੈ।

ਗਰਭ-ਅਵਸਥਾ ਤੋਂ ਬਾਅਦ ਦੀ ਕਵਰੇਜ (APC) ਗਰਭ-ਅਵਸਥਾ ਖ਼ਤਮ ਹੋਣ ਤੋਂ ਬਾਅਦ ਲੋਕਾਂ ਨੂੰ 12 ਮਹੀਨਿਆਂ ਤੱਕ ਕਵਰੇਜ ਦੇ ਘੇਰੇ ਹੇਠ ਰੱਖਦੀ ਹੈ। ਇਹ ਪ੍ਰੋਗਰਾਮ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਦੇ ਦਰਜੇ ਨੂੰ ਧਿਆਨ ਵਿੱਚ ਰੱਖੇ ਬਿਨਾ ਉਪਲਬਧ ਹਨ। **hca.wa.gov/apple-health-pregnant-individuals**'ਤੇ ਇਸ ਬਾਰੇ ਹੋਰ ਜਾਣੋ।

### ਕੀ **Apple Health Expansion** ਕਾਨੂੰਨੀ ਤੌਰ 'ਤੇ ਮੌਜੂਦ ਸ਼ਰਣਾਰਥੀ ਇਸ ਵਿੱਚ ਸ਼ਾਮਿਲ ਹਨ?

ਜੇ ਤੁਸੀਂ ਸ਼ਰਣਾਰਥੀ ਹੋ, ਤਾਂ ਤੁਹਾਨੂੰ ਪੰਜ-ਸਾਲ ਦੀ ਸੀਮਾ ਤੋਂ ਛੋਟ ਮਿਲੀ ਹੋਈ ਹੈ, ਤਾਂ ਤੁਸੀਂ ਹੋਰਨਾਂ Apple Health ਪ੍ਰੋਗਰਾਮਾਂ ਲਈ ਯੋਗ ਹੋ ਸਕਦੇ ਹੋ। ਇਸ ਨਾਲ ਤੁਸੀਂ Apple Health Expansion ਲਈ ਅਯੋਗ ਹੋ ਜਾਓਗੇ।

### ਮੇਰਾ ਦਰਜਾ, ਬਚਪਨ ਵਿੱਚ ਪਹੁੰਚਣ ਲਈ ਮੁਲਤਵੀ ਕੀਤੀ ਗਈ ਕਾਰਵਾਈ (DACA) ਦਾ ਹੈ। ਕੀ ਮੈਂ **Apple Health Expansion** ਲਈ ਹੱਕਦਾਰ ਹਾਂ?

ਹਾਂ, ਜੇ ਤੁਸੀਂ ਯੋਗਤਾ ਦੇ ਸਾਰੇ ਮਿਆਰ ਪੂਰੇ ਕਰਦੇ ਹੋ,] ਤਾਂ ਤੁਸੀਂ DACA ਦਰਜੇ ਨਾਲ Apple Health Expansion ਲਈ ਅਪਲਾਈ ਕਰ ਸਕਦੇ ਹੋ ਅਤੇ ਤੁਹਾਨੂੰ ਮੰਜ਼ੂਰੀ ਮਿਲ ਸਕਦੀ ਹੈ।

### 1 ਨਵੰਬਰ, 2024 ਦੇ DACA ਨੇਮ ਦੀ ਸੋਧ ਦਾ ਕੀ ਅਸਰ ਪਏਗਾ **Apple Health Expansion?**

ਨਵੇਂ ਨੇਮ ਹੇਠ, 1 ਨਵੰਬਰ, 2024 ਤੋਂ ਸ਼ੁਰੂ DACA ਪ੍ਰਾਪਤ ਕਰਨ ਵਾਲਿਆਂ ਨੂੰ ਕਾਨੂੰਨੀ ਤੌਰ 'ਤੇ ਹਾਜ਼ਿਰ ਮੰਨਿਆ ਜਾਏਗਾ, ਜਿਸ ਨਾਲ ਉਹ QHP ਰਾਹੀਂ *Washington Healthplanfinder* ਅਪਲਾਈ ਕਰਨ ਵਾਸਤੇ ਫ਼ੈਡਰਲ ਰਿਆਇਤਾਂ ਲਈ ਹੱਕਦਾਰ ਹੋ ਜਾਣਗੇ। ਲਾਗੂ ਕਰਨ ਦੇ ਹਿੱਸੇ ਵਜੋਂ, Apple Health Expansion ਹੱਕਦਾਰ DACA ਪ੍ਰਾਪਤ ਕਰਨ ਵਾਲਿਆਂ ਨੂੰ Apple Health Expansion ਤੋਂ ਰਿਆਇਤੀ QHP ਕਵਰੇਜ ਵਿੱਚ ਤਬਦੀਲ ਕੀਤਾ ਜਾਏਗਾ।

- **ਟਿੱਪਣੀ:** ਲਾਗੂ ਕੀਤੇ ਜਾਣ ਦੀ ਅਸਲ ਤਾਰੀਖ਼ ਦਾ ਫ਼ੈਡਰਲ ਮੁਕੱਦਮੇਬਾਜ਼ੀ ਅਤੇ/ਜਾਂ ਸਟੇਟ ਦੇ ਲਾਗੂ ਕੀਤੇ ਜਾਣ ਵਾਲੇ ਪ੍ਰੋਗਰਾਮਾਂ 'ਤੇ ਅਸਰ ਪੈ ਸਕਦਾ ਹੈ।

ਲਾਗੂ ਕੀਤੇ ਜਾਣ ਵੇਲੇ, DACA ਪ੍ਰਾਪਤ ਕਰਨ ਵਾਲੇ ਨਾਗਰਿਕ ਲਈ (N) ਅਤੇ ਕਾਨੂੰਨੀ ਤੌਰ 'ਤੇ ਹਾਜ਼ਿਰ (Y) ਦਾ ਸੰਕੇਤ ਕਰ ਸਕਦੇ ਹਨ।

- ਇਸ ਅਮਲ ਤੋਂ ਬਾਅਦ ਗਾਹਕਾਂ ਦੀ *Washington Healthplanfinder* ਰਾਹੀਂ ਲਾਗੂ QHPs, ਫ਼ੈਡਰਲ ਅਤੇ ਸਟੇਟ ਦੀਆਂ ਰਿਆਇਤਾਂ ਲਈ ਪੜਤਾਲ ਕੀਤੀ ਜਾਏਗੀ।

DACA ਪ੍ਰਾਪਤ ਕਰਨ ਵਾਲੇ ਅਜੇ ਵੀ DACA *Washington Healthplanfinder ਰਾਹੀਂ* ਅਰਜ਼ੀ ਸਬਮਿਟ ਕਰਕੇ ਕਵਰੇਜ ਲਈ ਅਪਲਾਈ ਕਰ ਸਕਦੇ ਹਨ। DACA ਪ੍ਰਾਪਤ ਕਰਨ ਵਾਲਿਆਂ ਨੂੰ ਨਵੰਬਰ 2024 ਤੋਂ ਪਹਿਲਾਂ ਹੋਰ ਜਾਣਕਾਰੀ ਮਿਲੇਗੀ।

### ਜੇ ਮੈਂ **Apple Health Expansion** ਹੱਕਦਾਰ ਨਹੀਂ ਹਾਂ, ਤਾਂ ਇੱਕ ਪ੍ਰਵਾਸੀ ਵਜੋਂ, ਮੇਰੇ ਲਈ ਹੋਰ ਕਿਹੜੇ ਵਿਕਲਪ ਉਪਲਬਧ ਹਨ?

ਜੇ ਤੁਸੀਂ Apple Health Expansion ਲਈ ਇੱਕ ਅਯੋਗ ਪ੍ਰਵਾਸੀ ਹੋ ਜਾਂ ਰਜਿਸਟ੍ਰੇਸ਼ਨ ਕਰਨ ਦੀ ਕੋਸ਼ਿਸ਼ ਕਰਦੇ ਹੋ ਅਤੇ ਪ੍ਰੋਗਰਾਮ ਵਿੱਚ ਥਾਂ ਨਾ ਹੋਣ ਕਰਕੇ ਰਜਿਸਟ੍ਰੇਸ਼ਨ ਨਹੀਂ ਕਰ ਸਕਦੇ. ਤਾਂ ਤੁਹਾਡੇ ਕੋਲ ਸਿਹਤ-ਸੰਭਾਲ ਦੇ ਵਿਕਲਪ ਹਨ। ਇਹ ਪ੍ਰਵਾਸੀ ਇਸ *Washington Healthplanfinder* ਰਾਹੀਂ ਯੋਗ ਸਿਹਤ ਅਤੇ ਡੈਂਟਲ ਪਲਾਨਾਂ (QHP/QDP) ਵਰਗੇ ਉਪਲਬਧ ਹੋਰ ਸਿਹਤ-ਸੰਭਾਲ ਵਿਕਲਪਾਂ ਲਈ ਅਪਲਾਈ ਕਰ ਸਕਦੇ ਹਨ। Washington Health Benefit Exchange ਸੁਰੱਖਿਅਤ ਫ਼ੈਡਰਲ ਛੋਟ **(1332 ਛੋਟ)**, ਜੋ ਫ਼ੈਡਰਲ ਮਾਣਤਾਪ੍ਰਾਪਤ ਇਮੀਗ੍ਰੇਸ਼ਨ ਦੇ ਦਰਜੇ ਤੋਂ ਬਿਨਾ ਲੋਕਾਂ ਨੂੰ *Washington Healthplanfinder* ਰਾਹੀਂ QHPs ਖ਼ਰੀਦਣ ਦੀ ਮੰਜ਼ੂਰੀ ਦਿੰਦੀ ਹੈ।

ਤੁਹਾਡੇ ਲਈ ਪ੍ਰਵਾਸੀਆਂ ਵਾਸਤੇ ਹੋਰ ਸਿਹਤ-ਸੰਭਾਲ ਕਵਰੇਜ ਦੇ ਵਿਕਲਪਾਂ ਬਾਰੇ ਵਿਚਾਰਿਆ ਜਾ ਸਕਦਾ ਹੈ, ਇਸ ਵਿੱਚ ਉਹ ਲੋਕ ਵੀ ਸ਼ਾਮਿਲ ਹਨ, ਜੋ ਪੰਜ-ਸਾਲ ਦੀ ਮਿਆਦ ਪੂਰੀ ਨਹੀਂ ਕਰਦੇ। ਉਪਲਬਧ ਕਵਰੇਜ ਦੇ ਵਿਕਲਪਾਂ ਵਿੱਚ ਸ਼ਾਮਿਲ ਹਨ:

QHPs ਅਤੇ QDPs *Washington Healthplanfinder* ਰਾਹੀਂ ਉਪਲਬਧ

- ਦਿਲਚਸਪੀ ਰੱਖਣ ਵਾਲੇ ਲੋਕਾਂ ਨੂੰ ***Washington Healthplanfinder*** ਰਾਹੀਂ ਅਪਲਾਈ ਕਰਨਾ ਚਾਹੀਦਾ ਹੈ।

ਹੋਰ ਪ੍ਰੋਗਰਾਮ Apple Health

- Apple Health for Kids
- Apple Health for pregnant individuals
- ਐਮਰਜੈਂਸੀ ਮੈਡੀਕਲ (AEM)
- ਮੈਡੀਕਲ ਸੰਭਾਲ ਸੇਵਾਵਾਂ (MCS)
- ਸਿਰਫ਼ ਫ਼ੈਮਿਲੀ ਪਲਾਨਿੰਗ

### **Apple Health Expansion** ਲਈ ਅਪਲਾਈ ਕਰਨ ਵੇਲੇ, ਕੀ ਮੈਨੂੰ ਆਪਣੀ ਆਮਦਨ ਦਾ ਸਬੂਤ ਮੁਹੱਈਆ ਕਰਾਉਣਾ ਪਏਗਾ?

Apple Health Expansion ਲਈ ਅਪਲਾਈ ਕਰਨ ਵੇਲੇ, ਤੁਹਾਨੂੰ ਆਪਣੀ ਆਮਦਨ ਦਾ ਸਬੂਤ ਮੁਹੱਈਆ ਨਹੀਂ ਕਰਾਉਣਾ ਪੈਣਾ। ਰਜਿਸਟ੍ਰੇਸ਼ਨ ਕਰਾਉਣ ਤੋਂ ਬਾਅਦ, ਆਪਣੀ ਆਮਦਨ ਦਾ ਸਬੂਤ ਮੁਹੱਈਆ ਕਰਾਉਣ ਲਈ ਕਹਿਣ ਵਾਸਤੇ ਤੁਹਾਨੂੰ ਇੱਕ ਚਿੱਠੀ ਮਿਲ ਸਕਦੀ ਹੈ। ਤੁਹਾਨੂੰ ਕਿਸ ਕਿਸਮ ਦੇ ਦਸਤਾਵੇਜ਼ ਮੁਹੱਈਆ ਕਰਾਉਣੇ ਚਾਹੀਦੇ ਹਨ, ਬਾਰੇ ਇਸ ਚਿੱਠੀ ਵਿੱਚ ਦੱਸਿਆ ਜਾਏਗਾ। ਜੇ ਤੁਹਾਨੂੰ ਹੋਰ ਜਾਣਕਾਰੀ ਦੇਣ ਲਈ ਕਹਿਣ ਵਾਲੀ ਚਿੱਠੀ ਮਿਲਦੀ ਹੈ, ਤਾਂ ਤੁਹਾਨੂੰ ਆਪਣੀ ਕਵਰੇਜ ਬੰਦ ਹੋਣ ਤੋਂ ਬਚਾਉਣ ਲਈ ਉਸਦਾ ਜਵਾਬ ਦੇਣਾ ਪਏਗਾ।

### ਮੈਨੂੰ ਆਪਣੀ ਆਮਦਨ ਦੀ ਪੁਸ਼ਟੀ ਕਰਨ ਦੀ ਬੇਨਤੀ ਮਿਲੀ ਹੈ ਅਤੇ ਕਈ-ਲੋਕਾਂ ਵਾਲੇ ਘਰ ਵਿੱਚ ਰਹਿੰਦਾ/ਰਹਿੰਦੀ ਹਾਂ। ਮੈਨੂੰ ਕਿਸਦੀ ਆਮਦਨ ਸਬਮਿਟ ਕਰਨੀ ਚਾਹੀਦੀ ਹੈ?

65 ਸਾਲ ਅਤੇ ਵੱਧ ਉਮਰ ਵਾਲੇ ਲੋਕਾਂ ਲਈ:

- ਵਿਅਕਤੀ ਦੀ ਯੋਗਤਾ ਉਸ ਵਲੋਂ ਜਾਂ ਉਸਦੇ ਜੀਵਨ-ਸਾਥੀ ਵਲੋਂ ਪ੍ਰਾਪਤ ਜਾਂ ਕਮਾਈ ਗਈ ਆਮਦਨ 'ਤੇ ਅਧਾਰਿਤ ਹੋਏਗੀ। 65 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਲੋਕਾਂ ਲਈ ਕਿਸੇ ਸ਼ਖ਼ਸ ਦਾ ਟੈਕਸ ਭਰਨ ਦਾ ਦਰਜਾ ਯੋਗਤਾ ਦਾ ਕੋਈ ਕਾਰਕ ਨਹੀਂ ਹੈ।

19-64 ਸਾਲ ਦੀ ਉਮਰ ਵਾਲੇ ਲੋਕਾਂ ਲਈ:

- ਇਹ ਯੋਗਤਾ ਟੈਕਸ ਰਿਟਰਨ ਭਰਨ ਲਈ ਸਾਰੇ ਬਾਲਗ਼ਾਂ ਅਤੇ ਸਾਰੇ ਨਾਬਾਲਗ਼ਾਂ ਵਲੋਂ ਲੋੜੀਂਦੀ ਚੋਖੀ ਆਮਦਨ ਨਾਲ ਉਹਨਾਂ ਦੀ ਆਮਦਨ ਦੀ ਜਾਣਕਾਰੀ 'ਤੇ ਅਧਾਰਿਤ ਹੈ।

### ਕਲਾਇੰਟ ਪ੍ਰਬੰਧ ਹੇਠਲੀ ਸੰਭਾਲ ਵਿੱਚ ਰਜਿਸਟਰਡ **Apple Health Expansion** ਕਿਉਂ ਹਨ, ਜਦਕਿ ਕਲਾਇੰਟ ਸਟੇਟ ਦੀਆਂ ਰਕਮਾਂ ਵਾਲੇ ਹੋਰਨਾਂ **Apple Health** ਪ੍ਰੋਗਰਾਮਾਂ ਵਿੱਚ ਰਜਿਸਟਰਡ ਨਹੀਂ ਹਨ?

ਪ੍ਰੋਗਰਾਮ ਦਾ ਢਾਂਚਾ ਅਬਾਦੀ ਨੂੰ ਦਿੱਤੀ ਜਾਣ ਵਾਲੀ ਸੇਵਾ ਅਤੇ ਰਕਮਾਂ ਦੇ ਸ੍ਰੋਤ ਦੇ ਅਧਾਰ 'ਤੇ ਵੱਖ ਹੁੰਦਾ ਹੈ।

### ਮੈਂ ਇਹਨਾਂ ਵਿੱਚੋ ਕਿਹੜੇ **Apple Health** ਪਲਾਨ ਚੁਣ ਸਕਦਾ/ਸਕਦੀ ਹਾਂ?

ਜੇ ਤੁਸੀਂ Apple Health Expansion ਵਿੱਚ ਰਜਿਸਟਰਡ ਹੋ, ਤਾਂ ਤੁਸੀਂ ਹੇਠਾਂ ਦਿੱਤੇ ਸਿਹਤ ਪਲਾਨਾਂ ਵਿੱਚੋਂ ਇੱਕ ਦੀ ਚੋਣ ਕਰ ਸਕਦੇ ਹੋ:

- Community Health Plan of Washington
- Coordinated Care
- Molina Healthcare
- UnitedHealthcare Community Plan

ਤੁਹਾਡੀ ਕਾਉਂਟੀ ਵਿੱਚ ਕਿਹੜੇ ਸਿਹਤ ਪਲਾਨਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਵੇਖਣ ਵਾਸਤੇ **Apple Health Expansion** ਸੇਵਾ ਖੇਤਰ ਦਾ ਨਕਸ਼ਾ ਵੇਖੋ।

ਜੇ ਕਲਾਇੰਟ ਕਿਸੇ ਇੱਕ ਦੀ ਚੋਣ ਨਹੀਂ ਕਰਦਾ, ਤਾਂ ਉਹ ਆਪਣੀ ਕਾਉਂਟੀ ਵਿੱਚ ਉਪਲਬਧ ਸਿਹਤ ਪਲਾਨ ਵਿੱਚ ਆਪਣੇ ਆਪ ਰਜਿਸਟਰਡ ਹੋ ਜਾਣਗੇ।

### ਲਈ ਮੰਜ਼ੂਰੀ ਮਿਲਣ ਤੋਂ ਬਾਅਦ ਮੇਰੀ ਕਵਰੇਜ ਕਦੋਂ ਸ਼ੁਰੂ ਹੋਏਗੀ **Apple Health Expansion?**

ਜਿਸ ਮਹੀਨੇ ਤੁਸੀਂ ਕਵਰੇਜ ਲਈ ਅਪਲਾਈ ਕੀਤਾ ਸੀ, ਉਸ ਮਹੀਨੇ ਦੀ ਪਹਿਲੀ ਤਾਰੀਖ਼ ਤੋਂ ਤੁਹਾਡੀ ਰਜਿਸਟ੍ਰੇਸ਼ਨ ਹੋ ਜਾਏਗੀ।

### ਜੇ ਮੈਂ **Apple Health Expansion** ਵਿੱਚ ਰਜਿਸਟਰਡ ਹਾਂ ਅਤੇ ਗਰਭਵਤੀ ਹੋ ਜਾਂਦੀ ਹਾਂ, ਤਾਂ ਕੀ ਹੁੰਦਾ ਹੈ?

ਤਬਦੀਲੀਆਂ ਬਾਰੇ ਦੱਸਣਾ, ਇਸ ਵਿੱਚ 30 ਦਿਨਾਂ ਦੇ ਅੰਦਰ ਗਰਭਵਤੀ ਹੋਣਾ ਸ਼ਾਮਿਲ ਹੈ। ਇਸ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲਦੀ ਹੈ ਕਿ ਤੁਸੀਂ ਢੁਕਵੇਂ ਪ੍ਰੋਗਰਾਮ ਵਿੱਚ ਰਜਿਸਟਰਡ ਹੋ। ਜੇ ਤੁਸੀਂ Apple Health Expansion ਵਿੱਚ ਰਜਿਸਟਰਡ ਹੋ ਅਤੇ ਗਰਭ-ਅਵਸਥਾ ਬਾਰੇ ਦੱਸਦੇ ਹੋ, ਤਾਂ ਤੁਹਾਨੂੰ Apple Health ਗਰਭਵਤੀ ਲੋਕਾਂ ਲਈ ਵਿੱਚ ਤਬਦੀਲ ਕਰ ਦਿੱਤਾ ਜਾਏਗਾ। ਇਹ ਪ੍ਰੋਗਰਾਮ ਆਮਦਨ ਦੇ ਮਿਆਰ Apple Health ਦੇ ਬਰਾਬਰ ਜਾਂ ਹੇਠਾਂ ਵਾਲੇ ਗਰਭਵਤੀ ਲੋਕਾਂ ਨੂੰ ਕਵਰੇਜ ਮੁਹੱਈਆ ਕਰਦਾ ਹੈ।

### ਕਲਾਇੰਟਾਂ ਨੂੰ ਉਹਨਾਂ ਦੇ ਮੌਜੂਦਾ ਪ੍ਰੋਗਰਾਮ ਤੋਂ **Apple Health Expansion** ਲਈ ਕਿਵੇਂ ਟ੍ਰਾਂਸਫ਼ਰ ਕੀਤਾ ਜਾਏਗਾ?

Apple Health Expansion AEM ਤੋਂ Apple Health ਗਰਭਵਤੀ ਲੋਕਾਂ ਲਈ, APC ਜਾਂ QHP ਵਿੱਚ ਤਬਦੀਲ ਹੋਣ ਵਾਲੇ ਗਾਹਕਾਂ ਨੂੰ ਸਿਹਤ ਪਲਾਨ ਦੀ ਚੋਣ ਕਰਨ ਦਾ ਮੌਕਾ ਮਿਲੇਗਾ। ਜੇ ਕਲਾਇੰਟ ਕਿਸੇ ਇੱਕ ਦੀ ਚੋਣ ਨਹੀਂ ਕਰਦਾ, ਤਾਂ ਉਹ ਆਪਣੀ ਕਾਉਂਟੀ ਵਿੱਚ ਉਪਲਬਧ ਸਿਹਤ ਪਲਾਨ ਵਿੱਚ ਆਪਣੇ ਆਪ ਰਜਿਸਟਰਡ ਹੋ ਜਾਣਗੇ।

## ਆਪਣੀ ਕਵਰੇਜ ਦੀ ਵਰਤੋਂ ਕਰਨੀ

### ਕੀ ਕਲਾਇੰਟਾਂ ਨੂੰ **Apple Health Expansion** ਕਵਰੇਜ ਵਿੱਚ ਰਜਿਸਟ੍ਰੇਸ਼ਨ ਜਾਂ ਵਰਤੋਂ ਕਰਨ ਲਈ ਲਾਗਤ ਦੇਣੀ ਪੈਂਦੀ ਹੈ?

ਨਹੀਂ, Apple Health Expansion ਇਹ ਕਵਰੇਜ ਬਿਲਕੁਲ ਮੁਫ਼ਤ ਹੈ। Apple Health Expansion ਵਲੋਂ ਘੇਰੇ ਹੇਠਲੀਆਂ ਸੇਵਾਵਾਂ ਤੱਕ ਪਹੁੰਚ ਕਰਨ ਵੇਲੇ ਤੁਹਾਨੂੰ ਕੋਈ ਵਿੱਤੋਂ ਬਾਹਰੀ ਲਾਗਤ ਨਹੀਂ ਦੇਣੀ ਪਏਗੀ ਜਾਂ ਸਹਿ-ਭੁਗਤਾਨ ਨਹੀਂ ਕਰਨਾ ਪਏਗਾ।

### **Apple Health Expansion** ਦੇ ਘੇਰੇ ਹੇਠ ਕਿਹੜੀਆਂ ਸੇਵਾਵਾਂ ਆਉਂਦੀਆਂ ਹਨ?

Apple Health Expansion ਦੇ ਘੇਰੇ ਹੇਠ ਸਰੀਰਕ ਅਤੇ ਵਿਹਾਰ ਸਬੰਧੀ ਸਿਹਤ-ਸੇਵਾਵਾਂ, ਡੈਂਟਲ, ਆਮ ਮੈਡੀਕਲ ਟ੍ਰਾਂਸਪੋਰਟੇਸ਼ਨ ਅਤੇ ਦੁਭਾਸ਼ੀਆ ਸੇਵਾਵਾਂ ਆਉਣਗੀਆਂ। Apple Health Expansion ਦੇ ਘੇਰੇ ਹੇਠ ਲੰਮੀ-ਮਿਆਦ ਦੀਆਂ ਸੇਵਾਵਾਂ ਅਤੇ ਸਹਾਇਤਾ ਆਉਂਦੀ ਹੈ।

ਇਹਨਾਂ **Apple Health** ਦੁਆਰਾ ਕਵਰ ਕੀਤੀਆਂ ਸੇਵਾਵਾਂ ਦੀ ਪੂਰੀ ਸੂਚੀ ਵੇਖੋ

### ਕੀ ਮੇਰੀ ਜਾਣਕਾਰੀ ਸੁਰੱਖਿਅਤ ਹੋਏਗੀ?

Apple Health Expansion ਗਾਹਕਾਂ ਦੀ ਪਛਾਣ ਅਤੇ ਜਾਣਕਾਰੀ ਗੁਪਤ ਰੱਖਣ ਲਈ ਮੌਜੂਦਾ Apple Health ਪ੍ਰੋਗਰਾਮ ਡਾਟਾ ਦੀ ਰਾਜ਼ਦਾਰੀ ਅਤੇ ਸੁਰੱਖਿਆ-ਮਿਆਰ ਯਕੀਨੀ ਬਣਾਉਂਦਾ ਹੈ। ਹੋਰ ਜਾਣਕਾਰੀ ਲਈ ਰਾਜ਼ਦਾਰੀ ਦੀਆਂ ਪ੍ਰੈਕਟਿਸਾਂ ਬਾਰੇ **HCA** ਦਾ ਨੋਟਿਸ ਵੇਖੋ।

ਅਦਾਲਤੀ ਆਦੇਸ਼ ਜਾਂ ਹੋਰ ਕਾਨੂੰਨੀ ਸ਼ਰਤ ਮੌਜੂਦ ਨਾ ਹੋਣੀ, HCA ਕਿਸੇ ਵੀ ਇਮੀਗ੍ਰੇਸ਼ਨ ਏਜੰਸੀ ਨਾਲ ਕਲਾਇੰਟ ਦੀ ਜਾਣਕਾਰੀ ਸਾਂਝੀ ਨਹੀਂ ਕਰਦੀ, ਇਸ ਵਿੱਚ ਇਮੀਗ੍ਰੇਸ਼ਨ ਅਤੇ ਕਸਟਮਸ ਐਨਫ਼ੋਰਸਮੈਂਟ (ICE) ਜਾਂ ਹੋਰ ਫ਼ੈਡਰਲ ਏਜੰਸੀਆਂ ਸ਼ਾਮਿਲ ਹੁੰਦੀਆਂ ਹਨ। ਪਬਲਿਕ ਚਾਰਜ ਟੈਸਟ ਤੋਂ ਛੋਟ ਲਈ Apple Health Expansion ਯੋਗਤਾ ਹੈ। ਹੋਰ ਜਾਣਨ ਲਈ ਐਲਾਨ (**Español**) ਵੇਖੋ। ਜੇ ਤੁਹਾਡੇ ਇਸ ਬਾਰੇ ਸੁਆਲ ਜਾਂ ਸਰੋਕਾਰ ਹਨ ਕਿ Apple Health Expansion ਲਈ ਅਰਜ਼ੀ ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਜਾਂ ਪੱਕਾ ਵਸਨੀਕ ਜਾਂ ਨਾਗਰਿਕ ਬਣਨ ਦੀਆਂ ਸੰਭਾਵਨਾਵਾਂ 'ਤੇ ਕਿਵੇਂ ਅਸਰ ਪਾ ਸਕਦੀ ਹੈ, ਤਾਂ ਇਮੀਗ੍ਰੇਸ਼ਨ ਅਟਾੱਰਨੀ ਨਾਲ ਸੰਪਰਕ ਕਰੋ।

## ਹੋਰ ਜਾਣਕਾਰੀ

### ਮੈਂ ਇਸ ਬਾਰੇ **Apple Health Expansion** ਹੋਰ ਕਿਵੇਂ ਜਾਣ ਸਕਦਾ/ਸਕਦੀ ਹਾਂ?

- **Apple Health Expansion** ਗਾਹਕ ਫਲਾਇਰ (**15** ਭਾਸ਼ਾਵਾਂ ਵਿੱਚ ਉਪਲਬਧ ਹੈ)
  - ਘੇਰੇ ਹੇਠਲੀਆਂ ਸੇਵਾਵਾਂ, ਯੋਗਤਾ-ਵੇਰਵਿਆਂ ਅਤੇ ਕਿੱਥੇ ਅਪਲਾਈ ਕਰੋ ਬਾਰੇ ਜਾਣਨ ਲਈ ਇਹ ਫ਼ਲਾਇਰ ਵੇਖੋ।
- ਆੱਨਲਾਈਨ: **hca.wa.gov/apple-health-expansion**

ਜੇ ਤੁਸੀਂ Apple Health Expansion ਅਰਜ਼ੀ ਪਾਉਣ ਵਾਲਿਆਂ ਦੀ ਮਦਦ ਕਰਦੇ ਹੋ ਜਾਂ ਇਸ ਜਾਣਕਾਰੀ ਬਾਰੇ ਲੋਕਾਂ ਨੂੰ ਦੱਸਣ ਵਿੱਚ ਮਦਦ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਹੇਠਾਂ ਦਿੱਤੀਆਂ ਸੰਚਾਰ (ਗੱਲਬਾਤ ਕਰਨ) ਸਮਗ੍ਰੀਆਂ ਦੀ ਵਰਤੋਂ ਕਰ ਸਕਦੇ ਹੋ। ਇਹਨਾਂ ਵਿੱਚ ਸ਼ਾਮਿਲ ਹਨ:

- **Apple Health Expansion** ਸੰਚਾਰ ਟੂਲਕਿੱਟ
  - ਦਰਸ਼ਕਾਂ ਦੀ ਕਿਸਮ, ਕਲਾਇੰਟ ਲਈ ਪਬਲਿਕੇਸ਼ਨਾਂ ਅਤੇ ਸ੍ਰੋਤ, ਬ੍ਰੈਂਡਿੰਗ ਅਤੇ ਭਾਸ਼ਾ ਬਾਰੇ ਸੇਧ ਅਤੇ ਸੋਸ਼ਲ ਮੀਡੀਆ ਟੂਲਕਿਟ ਰਾਹੀਂ ਮੁੱਖ ਸੁਨੇਹਿਆਂ ਨੂੰ ਬ੍ਰਾਉਜ਼ ਕਰਨ ਅਤੇ ਸਾਂਝੀ ਕਰਨ ਲਈ ਇਸ ਟੂਲਕਿਟ ਦੀ ਵਰਤੋਂ ਕਰੋ।
- ਜਾਣਕਾਰੀ ਸਬੰਧੀ ਵੈਬੀਨਾਰ
  - Apple Health Expansion ਵੈਬੀਨਾਰ ਅਤੇ ਪੇਸ਼ਕਾਰੀ ਵਾਲੀਆਂ ਸਲਾਈਡਾਂ **hca.wa.gov/webinar** 'ਤੇ ਉਪਲਬਧ ਹਨ।
- ਅਪਡੇਟ ਲਈ ਸਾਈਨ ਅਪ ਕਰੋ
  - ਵਿਅਕਤੀ **Apple Health Expansion** ਈਮੇਲ ਅੱਪਡੇਟ ਲਈ ਸਾਈਨ ਅੱਪ ਕਰ ਸਕਦੇ ਹਨ!

### ਇਮੀਗ੍ਰੈਂਟ ਹੈਲਥ ਕਵਰੇਜ QHP/QDP ਬਾਰੇ ਸੁਆਲ

- QHP/QDP ਜਾਂ Cascade Care Savingsਲਈ ਕਿਵੇਂ ਅਪਲਾਈ ਕਰੋ, ਬਾਰੇ ਜੇ ਤੁਹਾਡੇ ਕੋਈ ਸੁਆਲ ਹਨ, ਤਾਂ:
  - ਈਮੇਲ **ImmigrantCoverage@WAHBexchange.org**
  - ***Washington Healthplanfinder*** ਵੈਬ ਪੇਜ 'ਤੇ ਜਾਓ
    - ਇਸ ਬਾਰੇ ਸਪੈਨਿਸ਼ ਵਿੱਚ ਵੇਖੋ